بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 18.12.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਦਸੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔
اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਆਪ ਦਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਅਖ਼ੀਰਲੀ ਬਿਮਾਰੀ ਵਿੱਚ ਜੋ ਸੇਵਾਵਾਂ ਸਨ ਉਹਨਾਂ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ ਕਿ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਬਿਮਾਰੀ ਵੱਧ ਗਈ ਤਾਂ ਇਕ ਮੌਕੇ'ਤੇ ਆਪ ਦੋ ਵਿਅਕਤੀਆਂ ਵਿਚਕਾਰ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੇ ਘਰੋਂ ਮਸਜਿਦ ਜਾਣ ਲਈ ਨਿਕਲੇ । ਆਪ ਦੇ ਪੈਰ੍ਹ ਧਰਤੀ'ਤੇ ਲੀਕ ਮਾਰ ਰਹੇ ਸਨ ਅਰਥਾਤ ਕਮਜ਼ੋਰੀ ਕਰਕੇ ਆਪ ਜੀ ਦੇ ਪੈਰ੍ਹ ਉਠ ਨਹੀਂ ਰਹੇ ਸਨ । ਇਹ ਦੋਵੇਂ ਵਿਅਕਤੀਆਂ ਵਿਚੋਂ ਇਕ ਹਜ਼ਰਤ ਅਬੱਾਸ ਰਜ਼ੀ ਅਲੱਾਹ ਅਨਹੁ ਤੇ ਦੂਜੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਸਨ, ਜਿੰਨ੍ਹਾ ਦਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਰਾ ਲਿਆ ਹੋਇਆ ਸੀ ।

ਹਜ਼ਰਤ ਆਮਿਰ ਰਜ਼ੀ ਅਲੱਾਹ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਨਦਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਦੇ ਬਝੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ, ਹਜ਼ਰਤ ਫ਼ਜ਼ਲ ਰਜ਼ੀ ਅਲੱਾਹ ਅਨਹੁ, ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁਨੇ ਇਸ਼ਨਾਨ ਦਿਤੱਾ ਅਤੇ ਇਹਨਾ ਹੀ ਵਿਅਕਤੀਆਂ ਨੇ ਆਪ ਜੀਜ ਨੂੰ ਕਬਰ ਵਿੱਚ ਉਤਾਰਿਆ ।

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨਾਲ ਬੈਅਤ ਬਾਰੇ ਵੱਖ ਵੱਖ ਰਿਵਾਇਤਾਂ ਹਨ । ਕਈ ਰਿਵਾਇਤਾਂ ਵਿੱਚ ਇਹ ਹੈ ਕਿ ਹਜ਼ਰਤ ਅਲੀ ਨੇ ਪੂਰੀ ਰਜ਼ਾਮੰਦੀ ਤੇ ਮਨ ਨਾਲ ਝੱਟ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੀ ਬੈਅਤ ਕਰ ਲਈ ਸੀ । ਕਈ ਇਸ ਦੇ ਖ਼ਿਲਾਫ਼ ਲਿਖੱਦੇ ਹਨ । ਬਹਿਰਹਾਲ ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਮੁਹਾਜਰਾਂ ਤੇ ਅੰਸਾਰਾਂ ਨੇ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ

ਦੀ ਬੈਤ ਕਰ ਲਈ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਮੰਬਰ ਉਪੱਰ ਖੜੇ ਹੋਏ ਤਾਂ ਉਹਨਾਂ ਨੇ ਲੋਕਾਂ ਵੱਲ ਧਿਆਨ ਮਾਰਿਆਂ ਤਾਂ ਉਹਨਾ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਨ ਦੇਖਿਆ । ਅੰਸਾਰ ਵਿੱਚੋਂ ਕੁਝ ਲੋਕ ਗਏ ਅਤੇ ਹਜ਼ਰਤ ਅਲੀ ਨੂੰ ਲੈ ਆਏ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਚਾਚੇ ਦੇ ਪੁਤੱਰ ਅਤੇ ਆਪ ਜੀ ਦੇ ਦਾਮਾਦ (ਜਵਾਈ) ਕੀ ਤੁਸੀਂ ਮੁਸਲਮਾਨਾ ਦੀ ਤਾਕਤ ਨੂੰ ਤੋੜਨਾ ਚਾਹੁੰਦੇ ਹੋ ? ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਖ਼ਲੀਫ਼ਾ ਜੀਓ, ਪਕੜ ਨ ਕਰੀਏ, ਫਿਰ ਉਹਨਾ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੀ ਬੈਅਤ ਕਰ ਲਈ ।

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਲੀ ਕਰਮੁਲੱਾਹ ਵਜਹੁ ਨੇ ਪਹਿਲਾਂ ਪਹਿਲਾਂ ਹਜਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੀ ਬੈਅਤ ਕਰਨ ਵਿੱਚ ਦੇਰੀ ਕੀਤੀ ਸੀ ਪਰ ਫਿਰ ਘਰ ਜਾਕੇ ਰੱਬ ਜਾਣੇ ਕੀ ਵਿਚਾਰ ਆਇਆ ਕਿ ਪੱਗ ਵੀ ਨ ਬੰਨ੍ਹੀ ਅਤੇ ਝੱਟ ਟੋਪੀ ਨਾਲ ਹੀ ਬੈਅਤ ਕਰਨ ਲਈ ਆ ਗਏ ਅਤੇ ਬਾਦ ਵਿੱਚ ਪੱਗ ਮੰਗਵਾਕੇ ਬੰਨ੍ਹੀ । ਇਉਂ ਲਗੱਦਾ ਹੈ ਕਿ ਮਨ ਵਿੱਚ ਵਿਚਾਰ ਆਇਆ ਹੋਵੇਗਾ ਕਿ ਇਹ ਤਾਂ ਵੱਡੀ ਔਕੜ ਹੈ ਇਸ ਲਈ ਐਨ੍ਹੀ ਕਾਹਲੀ ਵਿੱਚ ਪੱਗ ਵੀ ਨ ਬੰਨ੍ਹੀ ਅਰਥਾਤ ਕਾਹਲੀ ਵਿੱਚ ਪੂਰੇ ਵਸਤਰ ਵੀ ਨ ਪਾਏ ਅਤੇ ਛੇਤੀ ਛੇਤੀ ਆ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੋ ਲੋਕ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ’ਤੇ ਇਹ ਆਰੋਪ ਲਾਉਂਦੇ ਹਨ ਕਿ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਉਸ ਸਮੇਂ ਖ਼ਲੀਫ਼ਾ ਹੋਣਾ ਚਾਹੀਦਾ ਸੀ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਜੇਕਰ ਅਸੀ ਮੰਨ ਵੀ ਲਈਏ ਕਿ ਸਿੱਦੀਕੇ ਅਕਬਰ ਅਬੂ ਬਕਰ ਰਜ਼ੀ ਅਲੱਾਹ ਅਨਹੁ ਉਹਨਾ ਲੋਕਾਂ ਵਿੱਚੋ ਸਨ ਜਿੰਨ੍ਹਾਂ ਨੇ ਦੁਨੀਆ ਅਤੇ ਇਸ ਦੀ ਸੱਜਧੱਜ ਨੂੰ ਨੂੰ ਪਹਿਲ ਦਿੱਤੀ ਅਤੇ ਉਹ ਹੜਪਨ ਵਾਲੇ ਸਨ ਤਾਂ ਅਜਿਹੀ ਅਵਸਥਾ ਵਿੱਚ ਅਸੀ ਇਸ ਗੱਲ’ਤੇ ਮਜਬੂਰ ਹੋਵਾਂਗੇ ਫਿਰ ਇਹ ਵੀ ਮੰਨੀਏ ਕਿ ਸ਼ੇਰੇ ਖ਼ੁਦਾ ਅਲੀ ਵੀ ਮੁਨਾਫ਼ਕਾਂ ਵਿੱਚ ਸ਼ਾਮਲ ਸਨ ਨਊਜ਼ਬਿਲੱਾਹਿ, ਅਤੇ ਜਿਵੇਂ ਕਿ ਅਸੀਂ ਉਹਨਾ ਬਾਰੇ ਵਿਚਾਰ ਰਖੱਦੇ ਹਾਂ ਕਿ ਉਹ ਦੁਨੀਆ ਨੂੰ ਤਿਆਗ ਕੇ ਰੱਬ ਨਾਲ ਲਓ ਲਾਉਣ ਵਾਲੇ ਨਹੀਂ ਸਨ ਸਗੋਂ ਉਹ ਦੁਨੀਆ ਅਤੇ ਇਸ ਦੇ ਪ੍ਰਲੋਭਨ ਵਿੱਚ ਪੈਣ ਵਾਲੇ ਅਤੇ ਇਸ ਦੇ ਦਿਖਾਵੇ ਤੇ ਚਕਾਚੋਂਧ ਵੱਲ ਖਿੱਚੇ ਹੋਏ ਸਨ ਅਤੇ ਇਸੇ ਕਰਕੇ ਆਪ ਨੇ ਕਾਫ਼ਰਾਂ ਤੇ ਮੁਰਤਦਾਂ ਦਾ ਸਾਥ ਨ ਛੱਡਿਆ ਸਗੋਂ ਮੁਦਾਹਨਤ (ਦੋਗਲਾਪਨ) ਧਾਰਣ ਕਰਨ ਵਾਲਿਆਂ ਵਾਂਗ ਉਹਨਾ ਵਿੱਚ ਸ਼ਾਮਲ ਰਹੇ ਅਤੇ ਲਗਭਗ ਤੀਹ ਸਾਲ ਦੇ ਲੰਮੇ ਸਮੇਂ ਤੱਕ ਚੁੱਪੀ ਧਾਰੀ ਰੱਖੀ । ਫਿਰ ਜੱਦ ਸਿੱਦੀਕੇ ਅਕਬਰ ਅਬੂ ਬਕਰ ਰਜ਼ੀ ਅਲੱਾਹ ਅਨਹੁ ਹਜ਼ਰਤ ਅਲੀ ਦੀ ਦ੍ਰਿਸ਼ਟੀ ਵਿੱਚ ਹੜਪਨ ਵਾਲੇ ਸਨ ਤਾਂ ਕਿਉਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਉਹਨਾ ਦੀ ਬੈਅਤ ਕਰਨ ਲਈ ਰਾਜ਼ੀ ਹੋਏ ਅਤੇ ਕਿਉਂ ਉਹਨਾਂ ਨੇ ਜ਼ੁਲਮ, ਅਤਿਆਚਾਰ ਤੇ ਫਿਤਨਿਆਂ ਦੇ ਵਾਪਣ ਵਾਲੀ ਧਰਤੀ ਵਿੱਚੋਂ ਕਿਸੇ ਹੋਰ ਦੇਸ਼ ਵੱਲ ਹਿਜਰਤ ਨ ਕੀਤੀ । ਕੀ ਰੱਬ ਦੀ ਧਰਤੀ ਐਨ੍ਹੀ ਵੀ ਖ਼ੁੱਲੀ ਨਹੀਂ ਸੀ ਕਿ ਉਹ ਇਸ ਵਿੱਚ ਹਿਜਰਕ ਕਰ ਜਾਂਦੇ ਜਿਵੇਂ ਕਿ ਸੰਜਮੀਆਂ ਦੀ ਮਰਿਆਦਾ ਹੈ । ਵਫ਼ਾਦਾਰ ਇਬ੍ਰਾਹੀਮ ਅਲੈਹਿ ਸਲਾਮ ਨੂੰ ਦੇਖੋ ਕਿ ਉਹ ਸਚੱਾਈ ਦੀ ਸ਼ਹੀਦੀ ਲਈ ਕਿੰਨ੍ਹੇ ਦ੍ਰਿੜ੍ਹ ਤੇ ਪੱਕੇ ਸਨ ...... ਕਿ ਉਹ ਅੱਗ ਵਿੱਚ ਪਾਏ ਗਏ ਅਤੇ ਉਪਦਰੀਆਂ ਦੇ ਖ਼ੌਫ਼ ਕਰਕੇ ਤਕੀਆ ਧਾਰਨ ਨਹੀਂ ਕੀਤਾ । ਇਹ ਹੈ ਨੇਕ ਲੋਕਾਂ ਦਾ ਆਚਰਣ ਕਿ ਉਹ ਕਤਲ ਹੋਣ ਜਾਂ ਮਾਰੇ ਜਾਣ ਤੋਂ ਨਹੀਂ ਡਰਦੇ ਅਤੇ ਉਹ ਤਕੀਆ ਲਾਉਣ ਨੂੰ ਮਹਾਂਪਾਪ ਤੇ ਬੇਹਿਯਾਈ ਸਮਝਦੇ ਹਨ । ਸਾਨੂੰ ਹੈਰਾਨੀ ਹੈ ਕਿ ਅਲੀ ਰਜ਼ੀ ਅਲੱਾਹ ਅਨਹੁ ਨੇ ਇਹ ਜਾਣਦਿਆਂ ਹੋਇਆਂ ਵੀ ਕਿ ਸਿੱਦੀਕੇ ਅਕਬਰ ਅਬੂਬਕਰ ਅਤੇ ਫ਼ਾਰੂਕ (ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ) ਕਾਫ਼ਰ ਤੇ ਹੱਕ ਹੜਪਨ ਵਾਲੇ ਹਨ, ਉਹਨਾ ਨੇ ਉਹਨਾਂ ਦੀ ਬੈਅਤ ਕਿਵੇਂ ਕਰ ਲਈ ਅਤੇ ਪੂਰੀ ਨੇਕੀ ਤੇ ਅਕੀਦੇ ਨਾਲ ਇਹਨਾ ਦੋਹਾਂ ਦੀ ਪੈਰ੍ਹਵੀ ਕੀਤੀ ਅਤੇ ਇਸ ਵਿੱਚ ਉਹਨਾ ਨੇ ਕਦੇ ਵੀ ਕੋਈ ਕਮਜ਼ੋਰੀ ਨਹੀਂ ਦਿਖਾਈ ਅਤੇ ਨ ਹੀ ਕਿ ਘ੍ਰਿਣਾ ਦਾ ਪ੍ਰਕਟਨ ਕੀਤਾ ।

ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਪਸ਼ਟ ਕਹਿ ਦਿੱਤਾ ਕਿ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਕਦੇ ਵੀ ਆਪਣੇ ਤੋਂ ਪਹਿਲਾਂ ਖ਼ਲੀਫ਼ਾ ਸਾਹਿਬਾਨ ਦੀ ਵਿਰੋਧਤਾ ਨਹੀਂ ਕੀਤੀ ਸੀ ਸਗੋਂ ਉਹਨਾਂ ਦੀ ਬੈਅਤ ਕੀਤੀ ਵਰਨਾ ਜੋ ਗਲੱਾਂ ਤੁਸੀਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਾਰੇ ਕਹਿੰਦੇ ਹੋ ਕਿ ਉਹਨਾ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁੀ ਬੈਅਤ ਨਹੀਂ ਕੀਤੀ ਇਹ ਗੱਲ ਤਾਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਸਥਾਨ ਨੂੰ ਢਾਹ ਲਾਉਂਦੀ ਹੈ ਨ ਕਿ ਵਧਾਉਂਣ ਵਾਲੀ ਹੈ ।

ਤੀਜੀ ਖ਼ਿਲਾਫ਼ਤ ਦੇ ਕਾਲ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀਆਂ ਕੀ ਸੇਵਾਵਾਂ ਸਨ ਇਸ ਬਾਰੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਉਸਾਮਾ ਰਜ਼ੀ ਅਲੱਾਹ ਅਨਹੁ ਦੇ ਲਸ਼ਕਰ ਨੂੰ ਰਵਾਨਾ ਕੀਤਾ ਤਾਂ ਆਪ ਕੋਲ ਬਹੁਤ ਘੱਟ ਲੋਕ ਰਹਿ ਗਏ ਸਨ । ਇਸ'ਤੇ ਬਹੁਤ ਸਾਰੇ ਬਦੁੱਆਂ ਨੇ ਮਦੀਨਿ ਉਪੱਰ ਹਮਲਾ ਕਰਨ ਦਾ ਮਨਸੂਬਾ ਬਣਾਇਆ । ਇਸ ਸਮੇਂ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਮਦੀਨਿ ਵਿੱਚ ਦਾਖ਼ਲ ਹੋਣ ਵਾਲੇ ਵੱਖ ਵੱਖ ਮਾਰਗਾਂ'ਤੇ ਪਹਿਰੇਦਾਰ ਨਿਯੁਕਤ ਕਰ ਦਿੱਤੇ ਜੋ ਆਪਣੇ ਮਿਤੱਰਾਂ ਨਾਲ ਮਦੀਨਿ ਦੇ ਆਲ੍ਹੇ ਦੁਆਲੇ ਪਹਿਰਾ ਦਿੰਦਿਆਂ ਹੋਇਆਂ ਰਾਤ ਲੰਘਾਉਦੇ ਸਨ । ਇਹਨਾ ਪਹਿਰੇਦਾਰਾਂ ਦੇ ਨਿਗਰਾਨਾ ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਵੀ ਸਨ ।

ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਆਪਣੇ ਖ਼ਿਲਾਫ਼ਤ ਕਾਲ ਕਈ ਯਾਤਰਾਵਾਂ'ਤੇ ਜਾਣ ਸਕੇਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਆਪਣੀ ਥਾਂ ਮਦੀਨਿ ਦਾ ਅਮੀਰ (ਪ੍ਰਧਾਨ) ਨਿਯੁਕਤ ਕੀਤਾ ਸੀ । ਜਿਵੇਂ ਕਿ ਤਿਬਰੀ ਦੇ ਇਤਿਹਾਸ ਵਿੱਚ ਲਿੱਖਿਆ ਹੈ ਕਿ ਜਸਰ ਦੀ ਘਟਨਾ ਸਮੇਂ ਜੋ ਮੁਸਲਮਾਨਾ ਨੂੰ ਈਰਾਨੀ ਫ਼ੌਜਾਂ ਦੇ ਟਾਕਰੇ'ਤੇ ਇਕ ਪ੍ਰਕਾਰ ਦੀ ਹਾਨੀ ਝਲੱਣੀ ਪਈ ਤਾਂ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਲੋਕਾਂ ਦੇ ਮਸਵਰੇ ਨਾਲ ਨਿਸ਼ਚਾ ਕੀਤਾ ਕਿ ਆਪ ਖ਼ੁਦ ਇਸਲਾਮੀ ਫ਼ੌਝ ਦੇ ਨਾਲ ਈਰਾਨ ਦੀ ਸਰਹਦ'ਤੇ ਜਾਣ ਤਾਂ ਆਪ ਨੇ ਆਪਣੇ ਪਿੱਛੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਮਦੀਨਿ ਦਾ ਗਵਰਨਰ ਨਿਯੁਕਤ ਕੀਤਾ ।

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਖ਼ਿਲਾਫ਼ਤ ਕਾਲ ਵਿੱਚ ਦੰਗੇ ਫ਼ਸਾਦ ਹੋਏ ਤਾਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਇਹਨਾਂ ਨੂੰ ਦੂਰ ਕਰਨ ਲਈ ਇਹਨਾ ਨੂੰ ਨੇਕ ਮਸ਼ਵਰੇ ਦਿੱਤੇ । ਜੱਦ ਮਿਸਰੀਆਂ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਘਰ ਦਾ ਘੇਰਾ ਘੱਤ ਲਿਆ ਅਤੇ ਐਨ੍ਹੀ ਸ਼ਿਦੱਤ ਧਾਰਨ ਕਰ ਲਈ ਕਿ ਖਾਣੇ ਪੀਣੇ ਤੋਂ ਵੀ ਵਾਂਝਿਆਰਂ ਕਰ ਦਿਤੱਾ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਸੂਚਨਾ ਮਿਲੀ ਤਾਂ ਉਹਨਾ ਨੇ ਪਾਣੀ ਨਾਲ ਭਰੀ ਹੋਈ ਤਿੰਨ ਮਸ਼ਕਾਂ ਆਪ ਜੀ ਦੇ ਘਰ ਭੇਜੀਆਂ ਪਰੰਤੂ ਬਾਗ਼ੀਆਂ ਦੀ ਰੋਕ ਕਰਕੇ ਇਹ ਮਸ਼ਕਾਂ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਘਰ ਨਹੀਂ ਪਹੁੰਚ ਰਹੀਆਂ ਸਨ ਇਹਨਾ ਮਸ਼ਕਾਂ ਨੂੰ ਪਹੁੰਚਾਉਣ ਦੇ ਜਤਨ ਵਿੱਚ ਬਨੂ ਹਾਸ਼ਮ ਤੇ ਬਨੂ ਉਮਯੱਾ ਦੇ ਕਈ ਗ਼ੁਲਾਮ ਜ਼ਖ਼ਮੀ ਹੋਏ, ਅਖ਼ੀਰ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਘਰ ਪਾਣੀ ਪਹੁੰਚ ਗਿਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੂੰ ਜੱਦ ਪਤਾ ਲਗੱਾ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਕਤਲ ਦਾ ਮਨਸੂਬਾ ਹੈ ਤਾਂ ਆਪ ਨੇ ਆਪਣੇ ਸਾਹਿਬਜ਼ਾਦਿਆਂ ਇਮਾਮ ਹਸਨ ਰਜ਼ੀ ਅਲੱਾਹ ਅਨਹੁ ਅਤੇ ਇਮਾਮ ਹੁਸੈਨ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ ਕਿ ਆਪਣੀਆਂ ਤਲਵਾਰਾਂ ਲੈਕੇ ਜਾਓ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਦਰਵਾਜ਼ੇ'ਤੇ ਖ਼ੜੇ ਹੋ ਜਾਓ ਅਤੇ ਖ਼ਬਰਦਾਰ ਕੋਈ ਬਲਵਈ ਆਪ ਤੱਕ ਨ ਪਹੁੰਚ ਪਾਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਸ਼ਹੀਦੀ ਦੇ ਬਾਦ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਇਕ ਦੋ ਦਿਨ ਤਾਂ ਬਹੁਤ ਲੁੱਟਮਾਰ ਹੋਈ ਪਰ ਜੱਦ ਜੋਸ਼ ਠੰਡਾ ਹੋ ਗਿਆ ਤਾਂ ਇਹਨਾ ਬਾਗ਼ੀਆਂ ਨੂੰ ਆਪਣੇ ਅੰਤ ਦੀ ਚਿੰਤਾ ਹੋਈ ਅਤੇ ਡਰੇ ਕਿ ਹੁਣ ਕੀ ਹੋਵੇਗਾ, ਸੋ, ਕੁਝ ਨੇ ਤਾਂ ਸ਼ਾਮ ਚਲੇ ਗਏ ਅਤੇ ਉੱਥੇ ਜਾਕੇ ਆਪ ਹੀ ਵਾ ਵੇਲਾ ਕਰਨਾ ਸ਼ੁਰੂ ਕਰ ਦਿਤੱਾ ਕਿ ਹਜ਼ਰਤ ਉਸਮਾਨ ਸ਼ਹੀਦ ਹੋ ਗਏ ਅਤੇ ਕੋਈ ਓਓਹਨਾਂ ਦੇ ਬਦਲਾ ਨਹੀਂ ਲੈਂਦਾ । ਕੁਝ ਭਜੱਕੇ ਮੱਕੇ ਮਾਰਗ ਵਿੱਚ ਹਜ਼ਰਤ ਜ਼ੁਬੈਰ ਅਤੇ ਹਜ਼ਰਤ ਆਇਸ਼ਾ ਨੂੰ ਜਾ ਮਿਲੇ ਅਤੇ ਕਿਹਾ ਕਿ ਕਿੰਨ੍ਹਾ ਜ਼ੁਲਮ ਹੈ ਕਿ ਇਸਲਾਮ ਦੇ ਖ਼ਲੀਫ਼ਾ ਨੂੰ ਸ਼ਹੀਦ ਕਰ ਦਿਤੱਾ ਗਿਆ ਹੈ ਅਤੇ ਮੁਸਲਮਾਨ ਚੁੱਪ ਹਨ । ਕੁਝ ਭਜੱਕੇ

ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਕੋਲ ਪਹੁੰਚ ਗਏ ਅਤੇ ਕਿਹਾ ਕਿ ਇਸ ਸਮੇਂ ਮੁਸੀਬਤ ਦਾ ਸਮਾਂ ਹੈ ਇਸਲਾਮੀ ਹੁਕੂਮਤ ਦੇ ਟੁੱਟ ਜਾਣ ਦਾ ਡਰ ਹੈ ਆਪ ਬੈਅਤ ਲੈ ਲੈਂਣ ਤਾਂ ਜੋ ਲੋਕਾਂ ਦਾ ਡਰ ਦੂਰ ਹੋਵੇ ਅਤੇ ਅਮਰ ਅਮਾਨ ਕਾਇਮ ਹੋਵੇ । ਜੋ ਸਹਾਬਾ ਮਦੀਂਨਿ ਵਿੱਚ ਮੌਜੂਦ ਸਨ ਉਹਨਾਂ ਨੇ ਵੀ ਸਾਮੂਹਿਕ ਰੂਪ ਵਿੱਚ ਇਹੋ ਮਸ਼ਵਰਾ ਦਿਤੱਾ ਕਿ ਇਸ ਸਮੇਂ ਇਹ ਉਚਿਤ ਹੈ ਕਿ ਆਪ ਇਭਾਰ ਨੂੰ ਆਪਣੇ ਸਿਰ'ਤੇ ਰਖੱਣ ਕਿ ਆਪ ਜੀ ਦਾ ਇਹ ਕੰਮ ਪੁੰਨ੍ਹ ਤੇ ਰਬ ਦੀ ਰਜ਼ਾ ਖ਼ਾਤਰ ਹੋਵੇਗਾ । ਜੱਦ ਚਾਰੇ ਪਾਸਿਓਂ ਆਪ ਨੂੰ ਮਜਬੂਰ ਕੀਤਾ ਗਿਆ ਤਾਂ ਕਈ ਵਾਰ ਨ ਕਰਨ ਦੇ ਬਾਦ ਆਪ ਜੀ ਮਜਬੂਰਨ ਇਸ ਕੰਮ ਨੂੰ ਆਪਣੇ ਜ਼ਿੱਮੇ ਲਿਆ ਅਤੇ ਬੈਅਤ ਲਈ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਹਜ਼ਰਤ ਅਲੀ ਦਾ ਇਹ ਕੰਮ ਬਹੁਤ ਹੀ ਦਾਨਾਈ ਭਰਿਆ ਸੀ ਜੇਕਰ ਆਪ ਉਸ ਸਮੇਂ ਬੈਅਤ ਨ ਲੈਂਦੇ ਤਾਂ ਇਸਲਾਮ ਨੂੰ ਇਸ ਤੋਂ ਵੀ ਵੱਧ ਹਾਣ ਪਹੁੰਚਦਾ ਜੋ ਆਪ ਨੀ ਅਤੇ ਅਤੇ ਮੁਆਵੀਆਹ ਦੀ ਜੰਗ ਨਾਲ ਪਹੁੰਚਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਫਿਰ ਦੁਬਾਰਾ ਅਲਜਜ਼ਾਇਰ ਦੇ ਅਹਮਦੀਆਂ ਲਈ ਵੀ ਅਤੇ ਪਾਕਿਸਤਾਨ ਦੇ ਅਹਮਦੀਆਂ ਲਈ ਵੀ ਦੁਆ ਦੀ ਤਹਿਰੀਕ ਕਰਨਾ ਚਾਹੁੰਦਾ ਹਾਂ । ਅਲੱਾਹ ਤਆਲਾ ਇਹਨਾ ਨੂੰ ਸੁਰੱਖਿਅਤ ਰੱਖੇ । ਅਲਜਜ਼ਾਇਰ ਵਿੱਚ ਵੀ ਹਾਲਾਤ ਸਖ਼ਤ ਕੀਤੇ ਜਾ ਰਹੇ ਹਨ । ਉੱਥੇ ਵੀ ਇਕ ਸਰਕਾਰੀ ਵਕੀਲ ਹੈ ਉਹ ਵਾਰ ਵਾਰ ਮੁਕਦੱਮੇ ਬਣਾ ਰਿਹਾ ਹੈ ਅਹਮਦੀਆਂ ਉਪੱਰ । ਪਾਕਿਸਤਾਨ ਵਿੱਚ ਵੀ ਇਸੇ ਪ੍ਰਕਾਰ ਔਕੁੜਾਂ ਵਿੱਚ ਪਾਇਆ ਕਾ ਰਿਹਾ ਹੈ । ਅਲੱਾਹ ਤਆਲਾ ਇਹਨਾ ਸਾਰਿਆਂ ਨੂੰ ਜੋ ਔਕੁੜਾਂ ਖੜੀ ਕਰ ਰਹੇ ਹਨ ਜਾਂ ਕਿਸੇ ਪ੍ਰਕਾਰ ਦੀ ਵਿਰੋਧਤਾ ਕਰ ਰਹੇ ਹਨ ਇਬਰਤ ਦਾ ਨਿਸ਼ਾਨਾ ਬਣਾਏ ਅਤੇ ਛੇਤੀ ਹੀ ਇਹਨਾ ਅਹਮਦੀਆਂ ਦੇ ਹਾਲਾਤ ਠੀਕ ਫ਼ਰਮਾਏ ਜੋ ਔਕੁੜਾਂ ਵਿੱਚੋਂ ਲੰਘ ਰਹੇ ਹਨ । ਇਹਨਾ ਲਈ ਆਸਾਨੀਆਂ ਤੇ ਸਹੂਲਤਾਂ ਪੈਦਾ ਕਰੇ । ਪਰ ਇਸ ਦੇਨਾਲ ਹੀ ਇਹ ਵੀ ਕਹਾਂਗਾਂ ਪਾਕਿਸਤਾਨ ਦੇ ਅਹਮਦੀਆਂ ਨੂੰ ਵਿਸ਼ੇਸ਼ ਰੂਪ ਵਿੱਚ ਕਿ ਦੁਆਵਾਂ ਵੱਲ ਜਿੰਨ੍ਹਾ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ ਉਨ੍ਹਾ ਇਸ ਵੱਲ ਧਿਆਨ ਦੇਣ ਦਾ ਅਹਿਸਾਸ ਨਹੀਂ ਹੈ । ਸੋ ਪਹਿਲਾਂ ਤੋਂ ਵਧੱਕੇ ਅਤੇ ਬਹੁਤ ਵਧੱਕੇ ਦੁਆਵਾਂ ਵੱਲ ਦਿਆਨ ਦੇਣ ਅਲੱਾਹ ਤਆਲਾਂ ਸਾਨੂੰ ਛੇਤੀ ਇਹਨਾਂ ਔਕੁੜਾਂ ਵਿੱਚੋ ਕੱਢੇ ਅਤੇ ਅਤੇ ਆਸਾਨੀਆਂ ਪੈਦਾ ਕਰੇ ਅਤੇ ਹਕੀਕੀ ਇਸਲਾਮ ਦਾ ਸੰਦੇਸ਼ ਅਸੀਂ ਆਜ਼ਾਦੀ ਨਾਲ ਪਾਕਿਸਤਾਨ ਵਿੱਚ ਵੀ ਅਤੇ ਦੁਨੀਆ ਦੀ ਹਰ ਨੁਕੱਰ ਵਿੱਚ ਪਹੁੰਚਾਉਣ ਵਾਲੇ ਹੋਈਏ

ਅਖ਼ੀਰ ਵਿੱਚ ਹਜ਼ਰ ਅਨਵਰ ਨੇ ਮੁਕਰੱਮ ਡਾਕਟਰ ਤਾਹਿਰ ਅਹਮਦ ਸਾਹਬ ਰਬਵਾਹ, ਮੁਕਰੱਮ ਹਬੀਬੁਲੱਾਹ ਮਜ਼ਹਰ ਸਾਹਬ, ਮੁਕਰੱਮ ਬਸ਼ੀਰੁੱਦੀਨ ਅਹਮਦ ਸਾਹਬ ਅਤੇ ਮੁਕਰੱਮਾ ਅਮੀਨਾ ਅਹਮਦ ਸਾਹਿਬਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾਹ ਗਾਇਬ ਪੜ੍ਹਉਣ ਦਾ ਐਲਾਨ ਕੀਤਾ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُبِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی
الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 11.12.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131